# *Homework: week of 9/21/2019*

Students must know below definitions

## ਬੋਲੀ ਜਾਂ ਭਾਸ਼ਾ ਵਿੱਚ ਅੰਤਰ

ਬੋਲੀ ਜਾਂ ਭਾਸ਼ਾ ਵਿੱਚ ਬਹੁਤ ਥੋੜਾ ਅੰਤਰ ਹੈ। ਖੇਤਰੀ ਭਾਸ਼ਾ ਨੂੰ ਬੋਲੀ ਆਖਦੇ ਹਨ ਅਤੇ ਜਿਹੜੀ ਬੋਲੀ ਸਾਰੇ ਦੇਸ਼ ਵਿੱਚ ਸਮਝੀ ਜਾਂ ਬੋਲੀ ਜਾਂਦੀ ਹੈ ਉਹ ਭਾਸ਼ਾ ਹੈ।

**ਮਾਤ ਭਾਸ਼ਾ:** ਬੱਚੇ ਦੀ ਉਹ ਬੋਲੀ ਜੋ ਉਸ ਨੂੰ ਮਾਤਾ ਪਿਤਾ ਕੋਲੋਂ ਵਿਰਸੇ ਵਿੱਚ ਮਿਲਦੀ ਹੈ।

**ਰਾਸ਼ਟਰ ਭਾਸ਼ਾ:** ਜਿਹੜੀ ਭਾਸ਼ਾ ਕਿਸੇ ਦੇਸ਼ ਜਾਂ ਰਾਸ਼ਟਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਪ੍ਰਵਾਨ ਕਰ ਲਈ ਜਾਵੇ। ਜਿਸ ਤਰਾਂ ਅਮਰੀਕਾ ਦੀ ਰਾਸ਼ਟਰ ਭਾਸ਼ਾ ਅੰਗਰੇਜੀ, ਪਾਕਿਸਤਾਨ ਦੀ ਉਰਦੂ ਅਤੇ ਹਿੰਦੋਸਤਾਨ ਦੀ ਹਿੰਦੀ ਹੈ।

## ਭਾਸ਼ਾ ਦੀ ਪਰਿਭਾਸ਼ਾ

ਜਿਸ ਸਾਧਨ ਦੇ ਦੁਆਰਾ ਅਸੀਂ ਆਪਣੇ ਮਨ ਦੇ ਭਾਵਾਂ ਜਾਂ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਾਂ, ਉਸ ਨੂੰ ਭਾਸ਼ਾ ਆਖਦੇ ਹਨ।

ਭਾਸ਼ਾ ਦੇ ਤਿੰਨ ਰੂਪ ਹੁੰਦੇ ਹਨ

੧. **ਮੌਖਿਕ ਭਾਸ਼ਾ (ਬੋਲਚਾਲ):** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਬੋਲ ਕੇ ਜਾਂ ਗਲ ਕਰਕੇ ਪ੍ਰਗਟ ਕਰਦੇ ਹਾਂ।
੨. **ਲਿਖਤੀ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਲਿਖ ਕੇ ਜਾਂ ਪੜ੍ਹ ਕੇ ਪ੍ਰਗਟ ਕਰਦੇ ਹਾਂ।
੩. **ਸੰਕੇਤਕ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਸੰਕੇਤਾਂ ਦੇ ਨਾਲ ਪ੍ਰਗਟ ਕਰਦੇ ਹਾਂ।

ਲਿੱਪੀ: ਲਿੱਪੀ ਸ਼ਬਦ ਦਾ ਅਰਥ ਹੈ ਲਿੱਖਣਾ, ਭਾਵ ਚਿਤਰਨ ਕਰਨਾ। ਜਦੋਂ ਅਸੀਂ ਬੋਲਦੇ ਹਾਂ ਤਾਂ ਸਾਡੇ ਮੂੰਹ ਵਿੱਚੋਂ ਨਿਕਲਦੀਆਂ ਆਵਾਜ਼ਾਂ ਨੂੰ ਲਿੱਖਣ ਲਈ ਕੁਝ ਚਿੰਨ ਹੁੰਦੇ ਹਨ। ਹਰ ਵੱਖਰੀ ਅਵਾਜ਼ ਨੂੰ ਬੋਲਣ ਲਈ ਵੱਖਰੇ ਵੱਖਰੇ ਚਿੰਨ ਹਨ। ਉਹਨ੍ਹਾਂ ਚਿੰਨਾਂ ਨੂੰ ਲਿੱਪੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਲਿੱਪੀ ਗੁਰਮੁਖੀ ਹੈ। ਗੁਰਮੁਖੀ ਸਾਨੂੰ ਗੁਰੂ ਅੰਗਦ ਦੇਵ ਜੀ ਦੀ ਦੇਣ ਹੈ।

Read this story
Circle noun types
Underline Verbs

# ਪਿਆਰੇ ਦਾਦੀ ਜੀ

ਹਰਪ੍ਰੀਤ ਕੌਰ ਅੱਜ ਬਹੁਤ ਖੁਸ਼ ਸੀ। ਅੱਜ ਸ਼ੁੱਕਰਵਾਰ ਸੀ। ਅਗਲੇ ਦੋ ਦਿਨ ਛੁੱਟੀਆਂ ਸਨ। ਉਹ ਅੱਜ ਆਪਣੇ ਦਾਦੀ ਜੀ ਕੋਲ ਜਾ ਰਹੀ ਸੀ। ਉਸਦੇ ਦਾਦੀ ਜੀ ਪਿੰਡ ਵਿੱਚ ਰਹਿੰਦੇ ਸਨ। ਉਸਨੂੰ ਉੱਥੇ ਜਾਣਾ ਬਹੁਤ ਚੰਗਾ ਲੱਗਦਾ ਸੀ। "ਅੱਜ ਤੂੰ ਬਹੁਤ ਖੁਸ਼ ਲੱਗ ਰਹੀ ਹੈਂ ਕੋਈ ਖਾਸ ਗੱਲ ਹੈ?" ਹਰਪ੍ਰੀਤ ਕੌਰ ਦੀ ਸਹੇਲੀ ਦੀਪ ਕੌਰ ਨੇ ਪੁੱਛਿਆ। ਹਰਪ੍ਰੀਤ ਕੌਰ ਦੱਸਣ ਲੱਗੀ,"ਅੱਜ ਮੈਂ ਆਪਣੇ ਦਾਦੀ ਜੀ ਕੋਲ ਪਿੰਡ ਜਾ ਰਹੀ ਹਾਂ, ਦੋ ਦਿਨ ਰਹਿਣ ਲਈ। ਦਾਦੀ ਜੀ ਕੋਲ ਜਾਕੇ ਬਹੁਤ ਦਿਲ ਖੁਸ਼ ਹੁੰਦਾ ਹੈ।" ਪਿੰਡ ਵਿਚ ਬਹੁਤ ਸੁੰਦਰ ਹਰੇ ਭਰੇ ਖੇਤ ਅਤੇ ਕਈ ਕਿਸਮ ਦੇ ਪਸ਼ੂ ਪੰਛੀ ਹਨ। ਮੇਰੇ ਦਾਦੀ ਜੀ ਦੇ ਘਰ ਘੋੜੇ ਵੀ ਹਨ। ਮੈਨੂੰ ਘੋੜਸਵਾਰੀ ਕਰਨਾ ਬਹੁਤ ਪਸੰਦ ਹੈ। ਮੈਂ ਉੱਥੇ ਜਾ ਕੇ ਘੋੜਸਵਾਰੀ ਕਰਾਂਗੀ ਅਤੇ ਰਾਤ ਨੂੰ ਦਾਦੀ ਜੀ ਦੀਆਂ ਕਹਾਣੀਆਂ ਸੁਣਾਂਗੀ।



ਇਹ ਸੁਣ ਕੇ ਦੀਪ ਕੌਰ ਉੱਥੋਂ ਉੱਠ ਕੇ ਚਲੀ ਗਈ। ਹਰਪ੍ਰੀਤ ਕੌਰ ਨੇ ਆਪਣੀ ਹੋਰ ਸਹੇਲੀ ਨੂੰ ਪੁੱਛਿਆ,"ਦੀਪ ਕੌਰ ਨੂੰ ਕੀ ਹੋਇਆ?" ਉਸਨੇ ਦੱਸਿਆ ਕਿ ਦੀਪ ਕੌਰ ਦੇ ਦਾਦੀ ਜੀ ਪਿਛਲੇ ਸਾਲ ਚੜ੍ਹਾਈ ਕਰ ਗਏ ਸਨ। ਦੀਪ ਕੌਰ ਨੂੰ ਆਪਣੇ ਦਾਦੀ ਜੀ ਨਾਲ ਬਹੁਤ ਪਿਆਰ ਸੀ। ਸ਼ਾਇਦ ਇਸ ਲਈ ਉਹ ਉਦਾਸ ਹੋ ਗਈ। ਹਰਪ੍ਰੀਤ ਕੌਰ ਨੂੰ ਬਹੁਤ ਮਹਿਸੂਸ ਹੋਣ ਲੱਗਾ ਕਿ ਮੈਂ ਲਗਾਤਾਰ ਆਪਣੇ ਦਾਦੀ ਜੀ ਬਾਰੇ ਬੋਲੀ ਜਾ ਰਹੀ ਸੀ। ਦੀਪ ਕੌਰ ਨੂੰ ਕਿੰਨਾ ਬੁਰਾ ਲੱਗਿਆ ਹੋਵੇਗਾ।

ਹਰਪ੍ਰੀਤ, ਦੀਪ ਕੋਲ ਗਈ ਅਤੇ ਕਹਿਣ ਲੱਗੀ, "ਦੀਪ ਕੌਰ ਮੈਨੂੰ ਮੁਆਫ਼ ਕਰੀ ਮੈਨੂੰ ਨਹੀਂ ਸੀ ਪਤਾ ਤੇਰੇ ਦਾਦੀ ਜੀ ਨਹੀਂ ਰਹੇ। ਮੈਨੂੰ ਤੇਰੇ ਨਾਲ ਬਹੁਤ ਹਮਦਰਦੀ ਹੈ।" ਦੀਪ ਕੌਰ ਨੇ ਕਿਹਾ, "ਕੋਈ ਗੱਲ ਨਹੀਂ ਹਰਪ੍ਰੀਤ, ਇਸ ਵਿੱਚ ਤੇਰਾ ਕੋਈ ਕਸੂਰ ਨਹੀਂ, ਤੂੰ ਬਹੁਤ ਕਿਸਮਤ ਵਾਲੀ ਹੈਂ ਤੇਰੇ ਕੋਲ ਦਾਦੀ ਮਾਂ ਹੈ।" ਹਰਪ੍ਰੀਤ ਚਾਹੁੰਦੀ ਸੀ ਕਿ ਦੀਪ ਨੂੰ ਕਿਸੇ ਤਰੀਕੇ ਖੁਸ਼ ਕਰੇ। ਉਹ ਦੀਪ ਕੌਰ ਨੂੰ ਪੁੱਛਣ ਲੱਗੀ, "ਕੀ ਤੂੰ ਵੀ ਮੇਰੇ ਨਾਲ ਦਾਦੀ ਜੀ ਕੋਲ ਚੱਲੇਂਗੀ ? ਮੈਂ ਆਪਣੇ ਪਿਤਾ ਜੀ ਨਾਲ ਗੱਲ ਕਰ ਲਵਾਂਗੀ।" ਦੀਪ ਕੌਰ ਨੇ ਖੁਸ਼ ਹੋ ਕੇ ਹਾਂ ਕਰ ਦਿੱਤੀ।

ਛੁੱਟੀ ਵੇਲੇ ਜਦੋਂ ਹਰਪ੍ਰੀਤ ਕੌਰ ਦੇ ਪਿਤਾ ਜੀ ਉਸਨੂੰ ਲੈਣ ਆਏ ਤਾਂ ਹਰਪ੍ਰੀਤ ਨੇ ਦੀਪ ਕੌਰ ਨੂੰ ਦਾਦੀ ਜੀ ਕੋਲ ਨਾਲ ਲੈ ਜਾਣ ਬਾਰੇ ਗੱਲ ਕੀਤੀ। ਪਿਤਾ ਜੀ ਮੰਨ ਗਏ। ਉਹਨਾਂ ਨੇ ਦੀਪ ਕੌਰ ਦੇ ਮਾਤਾ-ਪਿਤਾ ਨਾਲ ਗੱਲ ਕੀਤੀ। ਦੀਪ ਕੌਰ ਦੇ ਮਾਤਾ-ਪਿਤਾ ਜੀ ਵੀ ਰਾਜ਼ੀ ਹੋ ਗਏ। ਦੋਵੇਂ ਸਹੇਲੀਆਂ ਚਾਂਈ-ਚਾਂਈ ਦਾਦੀ ਜੀ ਕੋਲ ਚਲੀਆਂ ਗਈਆਂ। ਇਸ ਤਰ੍ਹਾਂ ਹਰਪ੍ਰੀਤ ਕੌਰ ਨੇ ਆਪਣੇ ਖੁਸ਼ੀ ਦੇ ਨਾਲ-ਨਾਲ ਆਪਣੀ ਸਹੇਲੀ ਦੀ ਖੁਸ਼ੀ ਦਾ ਵੀ ਧਿਆਨ ਰੱਖਿਆ।

## My Favorite Pet

This is my cat.

Cat is fat.

Cat is white and brown,

Cat eats pet food.

Cat sleeps at day time.

Cat plays with ball.

Cat has 2 eyes.

Cat has 2 ears.

Cat has 4 legs.

Cat has one tail.

Cat runs fast.

Cat is my favorite pet.

I love my cat.

| Translate My Favorite Pet Sentences into Punjabi . |
|---|
| ਇਹ ਮੇਰੀ ਬਿੱਲੀ ਹੈ । |
| ਬਿੱਲੀ ਮੋਟੀ ਹੈ । |
| |
| |
| |
| |
| |
| |
| |
| |
| |
| |
| |
| |
| |

Read ਮੇਰਾ ਮਿੱਤਰ essay and write 15 lines in your own words **Do not copy**

# 22 ਮੇਰਾ ਮਿੱਤਰ

1. ਮੇਰੇ ਮਿੱਤਰ ਦਾ ਨਾਂਅ ਹਰਮਨ ਸਿੰਘ ਹੈ।
2. ਉਹ ਮੇਰਾ ਪੱਕਾ ਮਿੱਤਰ ਹੈ। ਅਸੀਂ ਇੱਕੋ ਮੁਹੱਲੇ ਵਿਚ ਰਹਿੰਦੇ ਹਾਂ
3. ਉਹ ਮੇਰੇ ਨਾਲ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ।
4. ਉਸ ਦੇ ਪਿਤਾ ਜੀ ਸ਼ਹਿਰ ਦੇ ਪ੍ਰਸਿੱਧ ਵਕੀਲ ਹਨ।
5. ਉਹ ਸਾਡੇ ਗੁਆਂਢ ਵਿਚ ਰਹਿੰਦੇ ਹਨ।
6. ਮੇਰਾ ਮਿੱਤਰ ਪੜ੍ਹਾਈ ਵਿਚ ਮੇਰੀ ਸਹਾਇਤਾ ਕਰਦਾ ਹੈ।
7. ਸਵੇਰ ਨੂੰ ਅਸੀਂ ਇਕੱਠੇ ਸੈਰ ਨੂੰ ਜਾਂਦੇ ਹਾਂ।
8. ਸ਼ਾਮ ਨੂੰ ਅਸੀਂ ਇਕੱਠੇ ਫੁੱਟਬਾਲ ਖੇਡਦੇ ਹਾਂ।
9. ਉਹ ਸਾਫ਼-ਸੁਥਰੇ ਕੱਪੜੇ ਪਾਉਂਦਾ ਹੈ।
10. ਉਹ ਝੂਠ ਨਹੀਂ ਬੋਲਦਾ, ਗ਼ਰੀਬ ਵਿਦਿਆਰਥੀਆਂ ਨਾਲ ਹਮਦਰਦੀ ਕਰਦਾ ਹੈ।
11. ਮੇਰੇ ਮਿੱਤਰ ਨੇ ਪੜ੍ਹਾਈ ਅਤੇ ਖੇਡਾਂ ਵਿਚ ਕਈ ਇਨਾਮ ਪ੍ਰਾਪਤ ਕੀਤੇ ਹਨ।
12. ਉਹ ਹਰ ਕੰਮ ਠੀਕ ਸਮੇਂ ਸਿਰ ਕਰਦਾ ਹੈ ਤੇ ਕਦੀ ਸਮਾਂ ਫ਼ਜ਼ੂਲ ਨਹੀਂ ਗਵਾਉਂਦਾ।
13. ਉਹ ਸੰਕਟ ਦੇ ਸਮੇਂ ਮੇਰੀ ਮਦਦ ਕਰਦਾ ਹੈ। ਇਹੀ ਸੱਚੇ ਮਿੱਤਰ ਦੀ ਪਛਾਣ ਹੈ।
14. ਮੈਨੂੰ ਆਪਣੇ ਮਿੱਤਰ 'ਤੇ ਬੜਾ ਮਾਣ ਹੈ।

## Gurubani and Virsa homework

~ Read sakhi On page 92 ਗੁਰੂ ਅੰਗਦ ਦੇਵ ਜੀ

~ Answer questions answers on page 93 , write a summary into your own words.

~ Memorize history questions 1-101

~ Recite Japji Sahib Ji

Memorize below words

And make sentences using verbs.

ਪੰਛੀ Birds

| | |
|---|---|
| ਮੋਰ | peacock |
| ਕਬੂਤਰ | pigeon |
| ਤੋਤਾ | parrot |
| ਕਾਂ | crow |
| ਚਿੜੀ | sparrow |

Memorize below words

And make sentences using verbs.

ਪਸ਼ੂ animal

| | |
|---|---|
| ਗਾਂ | cow |
| ਬੱਕਰੀ | goat |
| ਭੇਡ | sheep |
| ਖਰਗੋਸ਼ | rabbit |
| ਸੂਰ | pig |
| ਘੋੜਾ | horse |